ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ 6 ਸਾਖਾ)
ਨੋਟੀਫਿਕੇਸਨ

ਨੰ: 11/29/12-3ਸਿ6/29905/1 ਮਿਤੀ 11 ਮਾਰਚ 2013

ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੀ ਨੋਟੀਫਿਕੇਸਨ ਮਿਤੀ 13.12.12 ਰਾਹੀ. ਐਨ.ਡੀ.ਪੀ.ਐਸ.ਐਕਟ, 1985 ਅਧੀਨ ਪੰਜਾਬ ਨਾਰਕੋਟਿਕਸ ਡਰਗਜ ਅਤੇ ਸਾਈਕੋਟਰੋਪਿਕ ਸਬਸਟਾਂਸ (ਐਨ.ਡੀ.ਪੀ.ਐਸ.) ਨਿਯਮਾਂ 2012 ਨੂੰ ਲਾਗੂ ਕਰ ਦਿੱਤਾ ਗਿਆ ਹੈ। ਇਹਨਾਂ ਨਿਯਮਾਂ ਅਧੀਨ ਵੱਖੋ ਵਖਰੇ ਕੰਮਾਂ ਦੇ ਨਿਪਟਾਰੇ ਲਈ ਹੇਠ ਲਿਖੇ ਅਨੁਸਾਰ ਫੀਸਾਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ:-

ੳ) ਨਿਯਮ 24 (4) ਅਧੀਨ ਜੋ ਮੈਡੀਕਲ ਪ੍ਰੈਕਟਿਸਨਰਾਂ ਅਤੇ ਮੈਡੀਕਲ ਸੰਸਥਾਵਾਂ ਦੀ ਰਜਿਸਟਰੇਸਨ ਫਾਰਮ ਨੰ: ਐਨ.ਡੀ.-7 ਤੇ ਕੀਤੀ ਜਾਣੀ ਹੈ, ਉਹਨਾਂ ਪਾਸੋਂ ਰਜਿਸਟ੍ਰੇਸਨ ਦੀ ਅਰਜੀ ਦੇ ਨਾਲ ਇਕੋ ਸਮੇ ਹੀ 5000/- ਰੁਪਏ ਫੀਸ ਲਈ ਜਾਵੇਗੀ।

ਅ) ਜੇਕਰ ਮੈਡੀਕਲ ਪ੍ਰੈਕਟੀਸਨਰ ਜਾਂ ਸੰਸਥਾ ਕੇਵਲ ਕੈਂਸਰ ਦੇ ਮਰੀਜਾਂ ਜਾਂ Palliative care ਦਾ ਕੰਮ ਕਰੇਗੀ, ਉਹਨਾਂ ਪਾਸੋਂ ਕੋਈ ਫੀਸ ਨਹੀਂ ਲਈ ਜਾਵੇਗੀ।

ੲ) ਨਿਯਮ 27 (1) ਅਧੀਨ ਜੋ ਲਾਇਸੰਸ ਸੁਦਾ ਕੈਮਿਸਟਾਂ ਅਤੇ ਲਾਇਸੰਸ ਸੁਦਾ ਡੀਲਰਾਂ ਨੂੰ ਐਨ.ਡੀ. 8 ਤੇ ਲਾਇਸੰਸ ਜਾਰੀ ਕੀਤੇ ਜਾਣੇ ਹਨ, ਉਹਨਾਂ ਪਾਸੋ. 3000 ਰੁ: ਪ੍ਰਤੀਸਾਲ ਫੀਸ ਲਈ ਜਾਵੇਗੀ। ਲਾਇਸੰਸਾਂ ਦੀ ਮਿਆਦ ਪੇਰੈਂਟ ਲਾਇਸੰਸ ਦੀ ਮਿਆਦ ਤੱਕ ਰੱਖੀ ਜਾਵੇਗੀ। ਇਸ ਤਰਾਂ ਨਿਯਮ 30(1) ਅਧੀਨ ਜੋ ਦਵਾ ਨਿਰਮਾਤਾਵਾਂ ਨੂੰ ਫਾਰਮ ਨੰ: ਐਨ.ਡੀ. -9 ਤੇ ਲਇਸੰਸ ਜਾਰੀ ਕਰਨੇ ਹਨ। ਉਹਨਾਂ ਪਾਸੌਂ. 3000 ਰੁ: ਪ੍ਰਤੀ ਸਾਲ ਫੀਸ ਲਈ ਜਾਵੇਗੀ। ਲਾਇਸੰਸਾਂ ਦੀ ਮਿਆਦ ਪੇਰੈਂਟ ਲਾਇਸੰਸ ਦੀ ਮਿਆਦ ਤੱਕ ਰੱਖੀ ਜਾਵੇਗੀ। ਇਸੇ ਤਰਾਂ ਹੀ ਨਿਯਮ 32 (1) ਅਧੀਨ ਲਾਇਸੰਸ ਰਿਨਿਯੂ ਕਰਨ ਦੀ ਫੀਸ 3000 ਰੁ: ਪ੍ਰਤੀ ਸਾਲ ਹੋਵੇਗੀ, ਇਸ ਸਬੰਧੀ 1000 ਰੁ: ਪ੍ਰਤੀ ਮਹੀਨਾ ਲੇਟ ਫੀਸ ਲਈ ਜਾਵੇਗੀ, ਜੋ ਵਧ ਤੋਂ ਵੱਧ 6 ਮਹੀਨੇ ਤੱਕ ਵਸੂਲ ਕੀਤੀ ਜਾ ਸਕੇਗੀ।

ਸ) ਫਾਰਮ ਐਨ.ਡੀ.-7, 8 ਅਤੇ ਐਨ.ਡੀ.9 ਨੂੰ ਡੁਪਲੀਕੇਟ ਜਾਰੀ ਕਰਨ ਲਈ ਪ੍ਰਤੀ ਅਰਜੀ 2000 ਰੁਪਏ ਫੀਸ ਲਈ ਜਾਵੇਗੀ।

ਹ) ਫਾਰਮ ਐਨ.ਡੀ.2 ਜਾਰੀ ਕਰਨ ਲਈ ਪ੍ਰਤੀ ਅਰਜੀ 200 ਰੁਪਏ ਫੀਸ ਲਈ ਜਾਵੇਗੀ।

ਕ) ਫਾਰਮ ਨੰ: ਐਨ.ਡੀ.7 ਅਧੀਨ ਰਜਿਸਟ੍ਰੇਸਨ ਜਾਰੀ ਹੋਣ ਉਪਰੰਤ ਜੇਕਰ ਮੈਡੀਕਲ ਸੰਸਥਾ ਕਿਸੇ ਨਵੇਂ ਮੈਡੀਕਲ ਪ੍ਰੈਕਟੀਸਨਰ ਦਾ ਇੰਦਰਾਜ ਕਰਾਉਣਾ ਚਾਹੇਗੀ ,ਤਾਂ ਪ੍ਰਤੀ ਮੈਡੀਕਲ ਪ੍ਰੈਕਟੀਸਨਰ 1000 ਰੁਪਏ ਫੀਸ ਲਈ ਜਾਵੇਗੀ।

ਇਹ ਹੁਕਮ ਤੁਰੰਤ ਲਾਗੂ ਹੋਣਗੇ ।

ਵਿਨੀ ਮਹਾਜਨ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਿਹਤ ਤੇ ਪਰਿਵਾਰ ਭਲਾਈ ਵਿਭਾਗ

ਮਿਤੀ, ਚੰਡੀਗੜ੍ਹ
1 ਮਾਰਚ 2013

ਪਿਠ ਅੰਕਣ ਨੰ: 11/29/12-3ਸਿ6/ 29905/1A ਮਿਤੀ 11 ਮਾਰਚ 2013

ਇਸ ਦਾ ਇਕ ਉਤਾਰਾ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ, ਪੰਜਾਬ ਨੂੰ 2 ਤਸਦੀਕ ਸੁਦਾ ਕਾਪੀਆਂ ਭੇਜਦੇ ਹੋਏ, ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੂੰ ਅਗਲੇ ਛਪਣ ਵਾਲੇ ਅਸਧਾਰਨ ਗਜਟ ਵਿੱਚ ਛਪਵਾ ਕੇ 50 ਕਾਪੀਆਂ ਸਰਕਾਰ ਨੂੰ ਘੱਲਣ ਦੀ ਖੇਚਲ ਕੀਤੀ ਜਾਵੇ।

ਅਧੀਨ ਸਕੱਤਰ ਸਿਹਤ

ਪਿਠ ਅੰਕਣ ਨੰ: 11/29/12-3ਸਿ6/ 29905/2-10 ਮਿਤੀ 11ਮਾਰਚ 2013

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਐਮ.ਡੀ., ਪੰਜਾਬ ਹੈਲਥ ਸਿਸਟਮ ਕਾਰਪੋਰੇਸਨ, ਮੋਹਾਲੀ ।
2. ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਦਾ ਧਿਆਨ ਸਰਕਾਰ ਵਲੋਂ ਜਾਰੀ ਪੱਤਰ ਨੰ: 11/29/12-3ਸਿ6/11514/1, ਮਿਤੀ 14.1. 2013 ਵਲ ਦਿਵਾਉਂਦੇ ਹੋਏ, ਲਿਖਿਆ ਜਾਂਦਾ ਹੈ ਕਿ ਐਨ.ਡੀ.ਪੀ.ਐਸ. ਰੂਲ ਤੁਰੰਤ ਸਰਕੁਲੇਟ ਕਰਦੇ ਹੋਏ, ਸੂਚਨਾਂ ਸਰਕਾਰ ਨੂੰ ਭੇਜੀ ਜਾਵੇ। (ਇਹਨਾਂ ਹੁਕਮਾਂ ਨੂੰ ਵੈਬ -ਸਾਈਟ ਤੇ ਅਪਲੋਡ ਕਰਵਾਇਆ ਜਾਵੇ)।
3. ਸਮੂਹ ਸਹਾਇਕ ਡਰਗ ਕੰਟਰੋਲਰ, ਪੰਜਾਬ।
4. ਰਾਜ ਦੇ ਸਮੂਹ ਸਿਵਲ ਸਰਜਨ।
5. ਸਕੱਤਰ/ਸਿਹਤ ਮੰਤਰੀ, ਪੰਜਾਬ।
6. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ (ਇਹਨਾਂ ਹੁਕਮਾਂ ਨੂੰ ਵੈਬ -ਸਾਈਟ ਤੇ ਅਪਲੋਡ ਕਰਵਾਇਆ ਜਾਵੇ)।
7. ਨਿੱਜੀ ਸਕੱਤਰ/ਮੁੱਖ ਸੰਸਦੀ ਸਕੱਤਰ ਸਿਹਤ ।
8. ਨਿੱਜੀ ਸਕੱਤਰ/ ਸਕੱਤਰ ਸਿਹਤ
9. ਨਿੱਜੀ ਸਹਾਇਕ/ ਵਧੀਕ ਸਕੱਤਰ ਸਿਹਤ

ਅਧੀਨ ਸਕੱਤਰ ਸਿਹਤ